ਮੌਕਾ

ਦਰਸ਼ਨ ਸਿੰਘ ਪ੍ਰੀਤੀਮਾਨ

ਬੱਚਿਆਂ ਨੂੰ ਵਿਗਾੜਨ ਵਿੱਚ ਬਾਪ ਨਾਲੋਂ ਮਾਂ ਦਾ ਹੱਥ ਵੱਧ ਹੁੰਦਾ ਹੈ। ਹੰਸਾ ਜਦੋਂ ਵੀ ਕਿਤੇ ਆਪਣੀ ਇਕਲੌਤੀ ਧੀ ਮਿੰਦੀ ਨੂੰ ਨਿੱਕੀ ਜਿਹੀ ਗਲਤੀ 'ਤੇ ਘੂਰ ਦਾ ਤਾਂ ਉਸ ਦੀ ਘਰਵਾਲੀ ਜਸਪਾਲ ਉਸ ਨੂੰ ਚਾਰੇ ਚੱਕ ਕੇ ਪੈ ਜਾਂਦੀ। ਹੰਸਾ ਬਥੇਰਾ ਕਹਿੰਦਾ "ਕੁੜੀ ਨੇ ਕੱਲ੍ਹ ਨੂੰ ਬੇਗਾਨੇ ਘਰ ਜਾਣੈ" ਆਪਣੇ ਅੱਗੇ ਚਬਰ-ਚਬਰ ਬੋਲਦੀ ਏ, ਐਨਾ ਧੀ ਨੂੰ ਬੋਲਣਾ ਨਹੀਂ ਚਾਹੀਦਾ। ਤੂੰ ਰੋਕਿਆ ਕਰ ਨਾਲੇ ਕੁੜੀ ਨੂੰ ਕੱਲੀ ਛੱਡ ਕੇ, ਕਿਤੇ ਨਾ ਜਾਇਆ ਕਰ, ਜਮਾਨਾ ਮਾੜੈ, ਪਿੱਛੋਂ ਕੁਝ ਨਹੀਂ ਬਣਦਾ।

ਜਸਪਾਲ, ਹੰਸੇ ਦੀ ਕਿਸੇ ਗੱਲ 'ਤੇ ਅਮਲ ਨਾ ਕਰਦੀ ਉਸ ਨੂੰ ਇੱਕ ਦੀਆਂ ਚਾਰ ਸੁਣਾਉਂਦੀ। ਘਰ 'ਚ ਕਲੇਸ਼ ਹੋਣ ਦੇ ਡਰੋਂ ਹੰਸਾ ਚੁੱਪ ਕਰ ਜਾਂਦਾ 'ਤੇ ਖੇਤ ਨੂੰ ਚਲਾ ਜਾਂਦਾ।

ਕੁਝ ਕੁ ਦਿਨਾਂ ਮਗਰੋਂ ਹੰਸੇ ਦੇ ਵੱਡੇ ਭਾਈ ਨਰਾਇਣੇ ਨੇ ਘਰ ਆ ਕੇ ਕਿਹਾ। "ਜਸਪਾਲ ਕੁੜੇ! ਕੁੜੀ ਨੂੰ ਕੁੜੀ ਨੂੰ ਕੱਲੀ ਨਾ ਛੱਡਿਆ ਕਰ ਜ਼ਮਾਨਾ ਮਾੜੈ" ਨਰਾਇਣੇ ਨੇ ਮਿੰਦੀ ਗੁਆਂਢੀਆਂ ਦੇ ਮੁੰਡੇ ਬਾਬੂ ਨਾਲ ਛੇੜਖਾਨੀ ਕਰਦੀ ਵੇਖ ਲਈ ਸੀ।

"ਜੀ ਕੁੜੀ ਕੋਈ ਗੁੜ ਦੀ ਰੋੜੀ ਨਹੀਂ, ਬਈ ਕੋਈ ਮੂੰਹ ਵਿੱਚ ਪਾ ਲਊ" ਜਸਪਾਲ ਨੇ ਨਰਾਇਣੇ ਨੂੰ ਅੱਗੋਂ ਜਵਾਬ ਦਿੱਤਾ। ਨਰਾਇਣਾ ਸਿਆਣਾ ਸਮਝਦਾਰ ਬੰਦਾ ਸੀ। ਉਹ ਚੁੱਪ ਕਰਕੇ ਆਪਣੇ ਘਰ ਨੂੰ ਮੁੜ ਆਇਆ।

ਅਜੇ ਕੁਝ ਕੁ ਦਿਨ ਹੀ ਬੀਤੇ ਸੀ ਤਾਂ ਮਿੰਦੀ ਨੂੰ ਬਾਬੂ ਨਾਲ ਹੱਸਦਿਆਂ ਉਸ ਦੇ ਚਾਚੇ ਵਿਰਸੇ ਨੇ ਵੇਖ ਲਿਆ। ਉਸ ਨੂੰ ਬਾਹਰੋਂ ਆਈ ਜਸਪਾਲ ਨੂੰ ਕਿਹਾ।

"ਭਾਬੀ ਕੁੜੀ ਨੂੰ ਕੱਲੀ ਨਾ ਛੱਡਿਆ ਕਰ, ਤੇਰੇ ਪਿੱਛੋਂ ਕੇਹਰੇ ਦਾ ਮੁੰਡਾ ਬਾਬੂ ਗੇੜੇ ਮਾਰਦੈ। ਪਿੱਛੋ ਕੁਝ ਕੁਝ ਨਹੀਂ ਬਣਨਾ, ਨਾਲੇ ਕੁੜੀ ਮੁਟਿਆਰ ਹੋ ਗਈ ਏ, ਕੋਈ ਥਾਂ ਵੇਖ ਕੇ ਵਿਆਹ ਕਰ ਦਿਉ।"

ਜਸਪਾਲ ਵਿਰਸੇ ਦੇ ਟੁੱਟ ਕੇ ਗਲ ਪੈ ਗਈ, ਕਿ "ਮੇਰੀ ਧੀ ਦੀਆਂ ਗੱਲਾਂ ਬਣਾਉਣੇ ਓ। ਪਹਿਲਾਂ ਆਪ ਦੇ ਮੰਜੇ ਥੱਲੇ ਸੋਟਾ ਮਾਰੋ ' ਜਸਪਾਲ ਦੇ ਘਟੀਆ ਬੋਲ ਸੁਣ ਕੇ ਵਿਰਸਾ ਚੁੱਪ ਕਰਕੇ ਆਪਣੇ ਘਰ ਨੂੰ ਮੁੜ ਆਇਆ।

ਅਜੇ ਦੋ ਕੁ ਦਿਨ ਹੀ ਲੰਘੇ ਸਨ। ਹੰਸਾ ਖੇਤ ਨੂੰ ਚਲਾ ਗਿਆ। ਜਸਪਾਲ ਸ਼ਹਿਰ ਨੂੰ ਚਲੀ ਗਈ। ਘਰ ਕੱਲੀ ਮਿੰਦੀ ਹੀ ਰਹਿ ਗਈ। "ਮਿੰਦੀ ਆਪਣੀ ਗੱਲ, ਸਾਰੇ ਪਿੰਡ ਵਿੱਚ ਉੱਡ ਗਈ। ਚੱਲ ਕਿਤੇ ਉੱਡ ਚੱਲੀਏ" ਜਸਪਾਲ ਜਾਣ ਤੋਂ ਮਗਰੋਂ ਬਾਬੂ ਨੇ ਘਰ ਆ ਕੇ ਮਿੰਦੀ ਨੂੰ ਕਿਹਾ।

"ਚੱਲ ਚੱਲੀਏ" ਮਿੰਦੀ ਨੇ ਨਿੱਕੀ ਮੋਟੀ ਚੀਜ਼ ਘਰੋਂ ਚੁੱਕੀ ਤੇ ਬਾਬੂ ਨਾਲ ਦਿੱਲੀ ਵਾਲੀ ਗੱਡੀ ਚੜ੍ਹ ਗਈ। ਜਸਪਾਲ ਜਦੋਂ ਸ਼ਹਿਰੋਂ ਆਈ। ਮਿੰਦੀ ਘਰ ਨਾ ਵੇਖ ਉਸ ਨੇ ਆਂਢ-ਗੁਆਂਢ 'ਚ ਪਤਾ ਕੀਤਾ। ਸਾਰੇ ਆਂਢੀ-ਗੁਆਂਢੀ ਪਤਾ ਹੋਣ ਦੇ ਬਾਵਜੂਦ ਵੀ ਚੁੱਪ ਕਰ ਗਏ। ਐਨੇ ਨੂੰ ਖੇਤੋਂ ਹੰਸਾ ਆ ਗਿਆ। ਰੌਲਾ ਪੈ ਗਿਆ ਕਿ ਬਾਬੂ, ਮਿੰਦੀ ਨੂੰ ਨਾਲ ਲੈ ਕੇ ਨਿਕਲ ਗਿਆ।

ਤੀਜੇ ਦਿਨ ਪਤਾ ਲੱਗਾ ਕਿ ਬਾਬੂ ਤੇ ਮਿੰਦੀ ਨੇ ਹਾਈਕੋਰਟ ਵਿੱਚ ਜਾ ਕੇ ਵਿਆਹ ਕਰਵਾ ਲਿਆ ਹੈ। ਹੁਣ ਹੰਸਾ ਕੁੜੀ ਤੇ ਮੁੰਡੇ ਨੂੰ ਮਾਰਦਾ ਸੀ ਤਾਂ ਆਪ ਜੇਲ੍ਹ ਜਾਂਦਾ ਸੀ। ਆਪਣੀ ਹਾਨੀ ਨਾ ਸਹਾਰਦੇ ਹੋਏ,!!! ਹੰਸੇ ਨੇ ਸਪਰੇਅ ਪੀ ਲਈ। ਘਰ ਸੱਥਰ ਵਿਸ਼ ਗਿਆ। ਨਰਾਇਣਾ ਤੇ ਵਿਰਸਾ ਜਸਪਾਲ 'ਤੇ ਕਚੀਚੀਆਂ ਲੈ ਰਹੇ ਸਨ, ਕਿ ਇਹ ਸਭ ਕੁਝ ਇਸ ਦੇ ਪੈਰੋਂ ਹੋਇਆ ਹੈ। ਜਸਪਾਲ ਰੋਂਦੀ-ਪਿੱਟਦੀ ਆਪ ਨੂੰ ਗਨਾਂਹ-ਗਾਰ ਆਖ ਰਹੀ ਸੀ, ਕਿ ਮੈਂ ਕਿਸੇ ਦੀ ਗੱਲ ਨਾ ਮੰਨੀ। ਆਪਣੇ-ਆਪ ਸਭ ਕੁਝ ਜਾਣਦੀ ਹੋਈ ਨੇ ਆਪਣਾ ਵੱਸਦਾ ਘਰ ਬਰਬਾਦ ਕਰ ਲਿਆ। ਮੈਂ ਮੌਕਾ ਨਾ ਸੰਭਾਲ ਸਕੀ।

ਲੜੀਵਾਰ ਨਾਵਲ / ਕਾਂਡ-38

ਕਿਸਾਨ ਬਣ ਰਿਹਾ ਗ਼ੁਲਾਮ

ਡਾ. ਨਗਿੰਦਰ ਸਿੰਘ ਹਰੀਕਾ
98760-34567

ਕੁਰਬਾਨੀ...ਕੁਰਬਾਨੀ...ਕੁਰਬਾਨੀ...

ਭਾਵੇਂ ਉਹ ਮੁਸਲਮਾਨ ਸੀ ਪਰ ਉਸ ਨੇ ਆਪਣੀ ਅੰਗੂਠੀ ਤੇ 'ਸਤਅਮ ਸ਼ਿਵਮ ਸੁੰਦਰਮ' ਲਿਖਵਾਇਆ ਸੀ। ਉਸ ਨੇ ਕਿਹਾ ਸਾਥੀਓ ਅਸੀਂ ਘੋਲ ਹੋਰ ਗਰਮ ਕਰਨਾ ਹੈ ਤੇ ਭੂ-ਮਾਫੀਆ ਨੂੰ ਭਜਾਉਣਾ ਹੈ ਕਬਜ਼ੇ ਵਾਲੀਆਂ ਜ਼ਮੀਨਾਂ ਵਾਪਿਸ ਲੈਣੀਆਂ ਹਨ ਕੀ ਅਸੀਂ ਉਡੀਕ ਹੀ ਕਰਦੇ ਰਹਾਂਗੇ। ਉਡੀਕ ਨਹੀਂ ਹੁੰਦੀ, ਮੈਂ ਕੁਝ ਕਰਨਾ ਚਾਹੁੰਦਾ ਹਾਂ।

"ਅਸੀਂ ਇਹ ਅੰਦੋਲਨ ਹੋਰ ਤੇਜ਼ ਕਰਾਂਗੇ।"

ਕ੍ਰਾਂਤੀ ਊਸ਼ਾ ਨੇ ਕਿਹਾ,"ਕਰਨਾ ਕੌਣ ਨਹੀਂ ਚਾਹੁੰਦਾ।"

"ਫੇਰ ਕਰਦੇ ਕਿਉਂ ਨਹੀਂ?"

"ਕਰ ਰਹੇ ਹਾਂ ਅਜੇ ਸਮਾਂ ਨਹੀਂ ਆਇਆ।"

"ਸਮਾਂ ਕਦੋਂ ਆਵੇਗਾ?"

"ਮੁਹੰਮਦ, ਏਹ ਤੇਰੀ ਕਾਹਲ ਹੈ, ਉਡੀਕ ਕਰ।"

"ਮੈਂ ਹੋਰ ਉਡੀਕ ਕਰਾਂ,ਤਬ ਤੱਕ ਉਡੀਕ ਕਰੇ ਜਬ ਤੱਕ ਕਿਆਮਤ ਨਾ ਆਵੇਗੀ ਕੀ ਕਿਆਮਤ ਆਏਗੀ?"

"ਕੀ ਜੋ ਮੁਰਦੇ ਕਬਰ ਮੇਂ ਦਫ਼ਨ ਹੈ ਕੀ ਜਾਗ ਪੈਣਗੇ।"

"ਕਦੇ ਵੀ ਨਹੀਂ,"

"ਕਿਆਮਤ ਆਏਗੀ ਨਹੀਂ, ਲਿਆਂਦੀ ਜਾਵੇਗੀ, ਮੁਰਦੇ ਹਰੇ ਨਹੀਂ ਹੋਣਗੇ, ਜਿਉਂਦੇ ਇਨਸਾਨ ਜੋ ਮੁਰਦਿਆਂ ਵਰਗੇ ਹਨ, ਉਹ ਹਰੇ ਹੋਣਗੇ। ਕਿਉਂਕਿ ਅਸੀਂ ਭੂ-ਮਾਫੀਆ ਤੋਂ ਜ਼ਮੀਨ ਵਾਪਿਸ ਲਵਾਂਗੇ ਅਤੇ ਹੋਰ ਖੋਹਣ ਨਹੀਂ ਦੇਵਾਂਗੇ।"

"ਮੈਂ ਉਡੀਕ ਨਹੀਂ ਕਰੂੰਗਾ। ਮੇਰੇ ਅੱਬੂ ਕੱਲ੍ਹ ਕੀ ਉਡੀਕ ਕਰਤੇ ਰਹਿ ਗਏ, ਕੱਲ ਅਬੀ ਤੱਕ ਨਹੀਂ ਆਇਆ। ਮੈਂ ਭੀ ਉਡੀਕ ਕਰੂੰ।"

"ਜਲਦੀ ਕਰੋਗੇ ਤੋਂ ਮਾਰੇ ਜਾਉਗੇ।"

"ਮੈਂ ਦੇਖ ਨਹੀਂ ਸਕਦਾ, ਅੱਲਾ ਦਾ ਹੁਕਮ ਹੈ, ਕਿ ਮੈਂ ਚਾਹੁੰਦੀ, ਜਲਦਬਾਜ਼ੀ ਨਾ ਕਰ,"

"ਜੋ ਅੰਦੋਲਨ ਹੁਣ ਚਲਾਵਾਂਗੇ, ਉਸ ਦੀ ਕਮਾਂਡ ਮੈਂ ਕਰਾਂਗਾ।"

"ਤੂੰ ਕਮਾਂਡ ਦੇ ਕੇ ਹੋਰ ਸਾਥੀ ਮਰਵਾ ਦੇਈਏ,।"

"ਇਹ ਸਮਾਂ ਦੱਸੇਗਾ।" ਉਹ ਉੱਠ ਕੇ ਚਲੇ ਗਏ ਕਿ ਕ੍ਰਾਂਤੀ ਊਸ਼ਾ ਗਾਂਧੀਵਾਦੀ ਹੈ ਤੇ ਕੀਤਾ ਸਭ ਕੁਝ ਭਗਤ ਸਿੰਘ ਨੇ, ਉਸ ਦੀ ਕੁਰਬਾਨੀ ਹਰ ਜਵਾਨ ਦੇ ਮੂੰਹ 'ਤੇ ਹੈ।

ਤੇ ਗਾਂਧੀ..............

"ਛੱਡੋ ਮੈਂ ਇਸ ਵਿਵਾਦ ਵਿੱਚ ਨਹੀਂ ਪੈਣਾ ਚਾਹੁੰਦਾ,"

"ਮੇਰੀ ਅੱਲਾ ਨੂੰ ਕੁਰਬਾਨੀ ਪਿਆਰੀ ਹੈ ਤੇ ਮੈਂ ਕੁਰਬਾਨੀ ਜ਼ਰੂਰ ਦੇਵਾਂਗਾ,"

"ਆਪਣੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਹੱਕਾਂ ਲਈ ਕੁਰਬਾਨੀ ਦੇਵਾਂਗਾ।"

"ਤੂੰ ਨਹੀਂ ਜਾਣਦੀ ਕੀ ਪੀੜੀ ਦਰ ਪੀੜੀ ਕਿਸਾਨ ਦੁੱਖ ਝੱਲਦੇ ਆ ਰਹੇ ਹਨ। ਇਸ ਵਿੱਚ ਦੇਸ਼ ਬਰਬਾਦ ਹੋ ਰਿਹਾ ਹੈ। ਬਾਹਰਲੀਆਂ ਕੰਪਨੀਆਂ ਜ਼ਮੀਨਾਂ ਖ਼ਰੀਦ ਰਹੀਆਂ ਹਨ ਤੇ ਲੀਡਰ ਕੁੱਝ ਨਹੀਂ ਕਰ ਰਹੇ। ਕਿੰਨੇ ਹੋਰ ਪੈਦਾ ਹੋ ਰਹੇ ਹਨ। ਇਸ ਉਡੀਕ ਵਿੱਚ ਕਿੰਨੇ ਰੱਧਾ ਸੁਆਮੀ, ਕੱਚੇ ਸੌਦੇ ਵਾਲੇ, ਕਿੱਤੇ ਬੰਸਰੀ ਮੁਕਤੀ ਹੈ ਝੂਠਾ ਧਾਰਮਿਕ ਬਣਾਇਆ ਜਾ ਰਿਹਾ ਹੈ। ਕਿਤੇ ਸਾਡੀਆਂ ਕੁੜੀਆਂ ਜਵਾਨੀ ਮੱਠਾਂ ਵਿੱਚ ਖ਼ਤਮ ਕਰ ਰਹੀਆਂ ਹਨ। ਉਹਨਾਂ ਮੱਠਾਂ ਵਿੱਚ ਕਿਤੇ ਇਹਨਾਂ ਨੂੰ ਪਰਮ ਪਿਆਰੀ ਊਸ਼ਾ ਮਾਤਾ,ਸਾਧਵੀਆਂ, ਚੇਲੀਆਂ ਦੇ ਨਾਂ ਦੇ ਧਾਰਮਿਕ ਲੀਡਰ, ਇਹਨਾਂ ਦੇ ਸਰੀਰ ਦਾ ਸ਼ੋਸ਼ਨ ਕਰ ਰਹੇ ਹਨ। ਕੀ ਮੈਂ ਝੂਠ ਬੋਲ ਰਿਹਾ ਹਾਂ, ਕੀ ਇਹ ਗਲਤ ਹੈ।"

"ਹਾਂ,ਹਾਂ,ਹਾਂ,"

"ਤੁਸੀਂ ਠੀਕ ਕਹਿ ਰਹੇ ਹੋ, ਅਸੀਂ ਤੁਹਾਡੇ ਨਾਲ ਹਾਂ,"

"ਲੋਕਾਂ ਨੂੰ ਸਮਾਧੀਆਂ 'ਤੇ ਬਿਠਾ ਰਹੇ ਹਨ, ਯੋਗਾ ਦੇ ਚੱਕਰ ਵਿੱਚ ਪਾ ਰਹੇ ਹਨ। ਇਹ ਭੂ-ਮਾਫੀਏ ਸਾਡੀ ਜ਼ਮੀਨ ਲੁੱਟ ਲੈਣਗੇ। ਮੈਂ ਆਪਣੇ ਦੇਸ਼ ਦੀ ਪਿਤਾ ਪੁਰਖੀ ਜ਼ਮੀਨ ਬਚਾਉਣਾ ਚਾਹੁੰਦਾ ਹਾਂ" ਉਹ ਮੁਹੰਮਦ ਖਾਂ ਇਹਨਾਂ ਵਿਚਾਰਾਂ ਵਿੱਚ ਲੀਨ ਸੀ। ਪਾਰਟੀ ਮੈਂਬਰ ਖੁਸ਼ ਸੀ ਕਿ ਉੱਤਰੀ ਭਾਰਤ ਦੇ ਘੋਲ ਵਿੱਚ ਜਿੱਤ ਪ੍ਰਾਪਤ ਕੀਤੀ ਜਾਵੇਗੀ, ਜਿਸ ਦੀ ਖੁਸ਼ੀ ਸਾਰਿਆਂ ਨੇ ਪ੍ਰਗਟ ਕੀਤੀ। ਹਜ਼ਾਰਾਂ ਏਕੜ ਰੋਕੀ ਜ਼ਮੀਨ ਜੋ ਵਾਪਿਸ ਕਿਸਾਨਾਂ ਨੂੰ ਦੇ ਦਿੱਤੀ ਜਾਵੇਗੀ ਉੱਥੋਂ ਦੀ ਪਾਰਟੀ ਕਹਿੰਦੀ ਸੀ ਅਸੀਂ ਕਿਸਾਨਾਂ ਦੀ ਲਾਲ ਪਾਰਟੀ ਹਾਂ। ਉਸ ਦੇ ਮੂੰਹ ਤੇ ਸਾਡਾ ਘੋਲ ਛੱਪੜ ਮਹਿਸੂਸ ਹੋਵੇਗਾ। ਅਖ਼ੀਰ ਮੁਹੰਮਦ ਖਾਂ ਦੇ ਮਗਰ ਸਾਰੇ ਨੌਜਵਾਨ ਲੱਗ ਗਏ ਤੇ ਉਸ ਦੇ ਮਗਰ ਮਹਿਸੂਸ ਹੋਵੇਗਾ। ਆਖ਼ੀਰ- ਮੁਹੰਮਦ ਖਾਂ ਦੇ ਮਗਰ ਸਾਰੇ ਨੌਜਵਾਨ ਲੱਗ ਗਏ ਤੇ ਉਸ ਦੇ ਮਗਰ ਚੱਲ ਪਏ। ਉਸ ਵਿਚਾਰ ਨੇ ਅਸਰ ਪਾਇਆ ਸਾਰੇ ਲੋਕਾਂ 'ਤੇ।

"ਚੱਲੋ ਕ੍ਰਾਂਤੀ ਆਏਗੀ ਕ੍ਰਾਂਤੀ ਊਸ਼ਾ ਭਾਵੇਂ ਕੁੱਝ ਨਾ ਕਰੇ। ਸਾਡੀ ਕ੍ਰਾਂਤੀ ਦਾ ਸੂਰਜ ਚੜ੍ਹੇਗਾ। ਆਖ਼ੀਰ ਉਹ ਅੰਦੋਲਨ ਕਾਮਯਾਬ ਹੋਇਆ ਫਿਰ 'ਪਾਟਾ' ਨੇ ਜੋ

ਬਾਕੀ ਸਫ਼ਾ III 'ਤੇ



.ਗ਼ਜ਼ਲ ਚਰਚਾ

ਨਿਸ਼ਾਨ ਸ. ਜੌਹਲ ਕਾਫ਼ਿਰ

ਮੇਰੀ ਬੜੀ "ਮਾੜੀ ਆਦਤ" ਹੈ ਕਿ ਮੈਂ ਪੁਰਾਣੀਆਂ ਕਿਤਾਬਾਂ ਅਤੇ ਅਖ਼ਬਾਰਾਂ ਪੜ੍ਹਦਾ ਰਹਿੰਦਾ ਹਾਂ। ਇਹਨਾਂ ਵਿੱਚੋਂ ਕੋਈ ਨਾ ਕੋਈ ਕੰਮ ਦੀ ਗੱਲ ਲੱਭ ਪੈਂਦੀ ਹੈ। ਜਿਵੇਂ ਆਖਦੇ ਹਨ ਕਿ ਸਾਗਰ ਕਦੇ ਸੁੱਕਦੇ ਨਹੀਂ। ਇਸ ਤਰ੍ਹਾਂ ਹੀ ਚੰਗਾ ਸਾਹਿਤ ਜਦੋਂ ਵੀ ਪੜ੍ਹੋਗੇ ਤਾਂ ਉਸ ਵਿੱਚੋਂ ਹੀਰੇ-ਮੋਤੀ ਲੱਭ ਹੀ ਪੈਂਦੇ ਹਨ।

ਇੱਕ ਦਿਨ ਮੈਂ ਆਪਣੇ ਵੱਡੇ ਗੁਰਭਾਈ ਉਸਤਾਦ ਸੁਲੱਖਣ (ਸਰੱਦੀ) ਸਰਹੱਦੀ ਜੀ ਦੀ ਕਿਤਾਬ "ਪੰਜਾਬੀ ਗ਼ਜ਼ਲ ਰੂਪ ਅਤੇ ਅਕਾਰ" ਪੜ੍ਹ ਰਿਹਾ ਸਾਂ। ਮੈਂ ਜਦੋਂ 33 ਸਫ਼ਾ ਉੱਤੇ ਅੱਪੜਿਆ ਤਾਂ ਇਸ ਅਧਿਆਏ ਦਾ ਸਿਰਲੇਖ ਸੀ,"ਗ਼ਜ਼ਲ ਅਗ਼ਜ਼ਲ ਅਤੇ ਖੁੱਲ੍ਹੀ ਗ਼ਜ਼ਲ"। ਇਹ ਨਾਂ ਬੜਾ ਅਜੀਬ ਲੱਗਾ ਕਿ ਖੁੱਲੀ ਗ਼ਜ਼ਲ...।

ਖ਼ੈਰ! ਇਸ ਅਧਿਆਏ ਨੂੰ ਪੜ੍ਹਨ ਉੱਤੇ ਪਤਾ ਲੱਗਾ ਕਿ ਪੰਜਾਬੀ ਗ਼ਜ਼ਲ ਨੂੰ ਸਥਾਪਿਤ ਹੋਣ ਲਈ ਕਿੰਨੇ ਯੁੱਧ ਕਰਨੇ ਪਏ ਹਨ। ਜਨਾਬ ਸਰੱਦੀ ਸਾਹਿਬ ਲਿਖਦੇ ਹਨ ਕਿ "ਗ਼ਜ਼ਲ ਮਹਿਫ਼ਿਲਾਂ ਵਿੱਚ ਬਹੁਤ ਵੇਰ ਵਿਚਾਰਾਂ ਤੋਂ ਪਿੱਛੋਂ ਗੱਲ ਤੂੰ-ਤੂੰ, ਮੈਂ-ਮੈਂ ਤੱਕ ਪਹੁੰਚ ਜਾਂਦੀ।"...ਅਕੈਡਮਿਕ ਹਲਕੇ ਪ੍ਰੀਤਮ ਸਿੰਘ ਚੰਡੀਗੜ੍ਹ ਵਰਗਿਆ ਤੋਂ ਗ਼ਜ਼ਲ ਦਾ ਨਿਰਾ ਵਿਰੋਧ ਕਰਵਾ ਰਹੇ ਸਨ..., "ਮੈਂ ਗ਼ਜ਼ਲ ਅਖਾੜੇ ਦੇ ਸਾਰੇ ਘੋਲ ਵੇਖੇ ਹਨ। ਕਦੇ ਡਾ. ਨਰੇਸ਼ ਨੂੰ ਦੀਪਕ ਦੇ ਵਿਰੁੱਧ ਬੈਠਕਾਂ ਕੱਢਦਾ ਵੀ ਵੇਖਿਆ ਅਤੇ ਫਿਰ ਇਹਨਾਂ ਦੋਵਾਂ ਨੂੰ ਆਪਸੀ ਜ਼ੋਰ ਕਰਦਿਆਂ ਵੀ ਵੇਖਿਆ..।" "...ਮੈਂ ਸੋਚਦਾ ਹਾਂ ਕਿ ਜਿਸ ਸ਼ਿੱਦਤ ਨਾਲ ਡਾ. ਹਮਦਰਦ ਨੇ ਗ਼ਜ਼ਲ ਨੂੰ "ਅਜੀਤ" ਰਾਹੀ ਪੰਜਾਬੀ ਵਿੱਚ ਸਥਾਪਿਤ ਕੀਤਾ ਉਸ ਦੀ ਮਿਸਾਲ ਨਹੀਂ....।" "...ਨਿੱਕੇ-ਨਿੱਕੇ ਨੁੱਕਤੇ ਉਤਾਰੇ ਗਏ। ਸਿਹਾਰੀਆਂ- ਬੀਹਾਰੀਆਂ 'ਤੇ ਯੁੱਧ ਹੋਇਆ। ਅਰੂਜ਼ ਬਾਰੇ ਚਰਚਾ ਹੋਈ। ਇਥੇ ਤੱਕ ਪਹੁੰਚਦਿਆਂ ਪੰਜਾਬੀ ਗ਼ਜ਼ਲ ਦੇ ਵਿਰੋਧੀ ਦਮਘੁੱਟ ਮਰੇ ਤੇ ਮੈਦਾਨ ਵਿੱਚ ਗ਼ਜ਼ਲ ਦੇ ਦੋ ਘਰਾਣੇ ਰਹੇ। ਇੱਕ ਸੀ ਹਮਦਰਦ ਘਰਾਣਾ ਅਤੇ ਦੂਜਾ ਦੀਪਕ ਘਰਾਣਾ...।"

ਉੱਪਰ ਹਵਾਲਾ ਦੇਣ ਦਾ ਮਤਲਬ ਹੈ ਕਿ ਪੰਜਾਬੀ ਗ਼ਜ਼ਲ ਦਾ ਕਿੰਨਾ ਵਿਰੋਧ ਹੋਇਆ? ਕਿੰਨੇ ਯੁੱਧ ਹੋਏ? ਸਾਡੇ ਗ਼ਜ਼ਲਕਾਰਾਂ ਨੇ ਕਿੰਨੀ ਮਿਹਨਤ ਕੀਤੀ। ਇਹ ਪੰਜਾਬੀ ਗ਼ਜ਼ਲ ਦੀ "ਪਹਿਲੀ ਪਾਰੀ" ਆਖੀ ਜਾ ਸਕਦੀ ਹੈ।

ਜਿੰਨਾ ਗ਼ਜ਼ਲਕਾਰਾਂ ਨੇ ਪੰਜਾਬੀ ਗ਼ਜ਼ਲ ਦੀ ਸਥਾਪਤੀ ਵਾਸਤੇ ਕੰਮ ਕੀਤਾ ਅਸੀਂ "ਦੀਪਕ ਅਦਾਰੇ " ਵੱਲੋਂ ਉਹਨਾਂ ਸਾਰੇ "ਸ਼ਹੀਦ ਹੋ ਚੁੱਕੇ" ਗ਼ਜ਼ਲਕਾਰਾਂ ਨੂੰ ਅਤੇ "ਰੂਹੇ-ਰਵਾਂ ਗ਼ਜ਼ਲਕਾਰਾਂ " ਨੂੰ "ਨਮਨ" ਕਰਦੇ ਹਾਂ।



ਪਰ ਸਾਡਾ ਗਿਲਾ ਵੀ ਹੈ ਕਿ ਅੱਜ ਪੰਜਾਬੀ ਗ਼ਜ਼ਲ ਜੋ ਮਰ ਰਹੀ ਹੈ ਇਸ ਬਾਰੇ ਰੂਹੇ-ਰਵ ਗ਼ਜ਼ਲਕਾਰ ਚੁੱਪ ਕਿਉਂ ਹਨ? ਜ਼ਿਆਦਾਤਰ ਗ਼ਜ਼ਲਾਂ ਤੁਕਬੰਦੀ ਹੀ ਹੁੰਦੀਆਂ ਹਨ। ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਗ਼ਜ਼ਲਾਂ ਲਿਖੀਆਂ ਜਾ ਰਹੀਆਂ ਹਨ ਪਰ "ਗ਼ਜ਼ਲ" ਨਹੀਂ ਲੱਭਦੀ...। ਇਹ ਕਸੂਰ ਕਿਸ ਦਾ ਹੈ?

ਜਿੰਨਾ ਚਿਰ ਸ਼ਿਰੋਮਣੀ ਉਸਤਾਦ ਧੰਨ-ਧੰਨ ਬਾਬਾ ਦੀਪਕ ਜੈਤੋਈ ਜੀ ਜ਼ਿੰਦਗੀ ਦੀ ਕੈਦ ਵਿੱਚ ਰਹੇ ਕਿਸੇ ਨਾ ਕਿਸੇ ਰੂਪ ਵਿੱਚ ਗ਼ਜ਼ਲ ਚਰਚਾ ਹੁੰਦੀ ਰਹੀ। ਉਸਤਾਦ ਜੈਤੋਈ ਸਾਹਿਬ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸਾਰੇ ਮੰਨਦੇ ਹਨ ਕਿ ਉਹ "ਇਸਲਾਹ ਸਮੇਂ ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੇ ਸਨ। ਜੋ ਉਸਤਾਦ ਜੀ ਲਿਹਾਜ਼ ਕਰਦੇ ਤਾਂ ਪੰਜਾਬੀ ਗ਼ਜ਼ਲ ਅੱਜ ਸਥਾਪਿਤ ਨਾ ਹੁੰਦੀ। ਉਸਤਾਦ ਜੀ ਕਿਸੇ ਵੀ ਗ਼ਲਤ ਉਚਾਰਣ ਨੂੰ ਕਤਈ ਬਰਦਾਸ਼ਤ ਨਹੀਂ ਕਰਦੇ ਸਨ। ਮੈਨੂੰ ਯਾਦ ਹੈ ਕਿ ਬਠਿੰਡੇ ਜਨਾਬ ਰਣਬੀਰ ਰਾਣਾ ਜੀ ਦੇ ਘਰ ਮੈਂ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਸਾਹਿਬ ਦੇ ਇੱਕ ਸ਼ਿਅਰ ਦੇ ਇੱਕ ਮਿਸਰੇ ਦਾ ਸਿਰਫ਼ ਇੱਕ ਸ਼ਬਦ ਗ਼ਲਤ ਪੜ੍ਹ ਦਿੱਤਾ ਸੀ ਤਾਂ ਉਸਤਾਦ ਦੀਪਕ ਜੈਤੋਈ ਜੀ ਮੈਨੂੰ ਟੁੱਟ ਕੇ ਪੈ ਗਏ। ਮੈਂ ਚੁੱਪ ਹੋ ਗਿਆ। ਫਿਰ ਤੈਂ ਦਰੁਸਤੀ ਕਰਦਿਆਂ ਆਖਿਆ "ਬੇਟਾ ਜਾਨ! ਆ ਸਕੇ" ਨਹੀਂ "ਆ ਸਕਾ" ਏਦਾਂ ਬੋਲੋ...।" ਇਹ ਉਸਤਾਦ ਸਾਹਿਬ ਨਾਲ ਮੇਰੀ ਪਹਿਲੀ ਅਤੇ ਆਖ਼ਰੀ ਮੁਲਾਕਾਤ ਸੀ।

ਜਦੋਂ ਉਸਤਾਦ ਦੀਪਕ ਜੈਤੋਈ ਜੀ 12-2-05 ਨੂੰ ਇਸ ਫਾਨੀ ਜਹਾਨ ਤੋਂ ਰੁਖ਼ਸਤ ਹੋ ਗਏ। ਉਹਨਾਂ ਦੇ ਜਾਣ ਤੋਂ ਬਾਅਦ ਉਹਨਾਂ ਦੇ 300 ਤੋਂ 500 ਸ਼ਾਗਿਰਦ ਵੀ ਖੇਰੂੰ-ਖੇਰੂੰ ਹੋ ਗਏ। ਉਹਨਾਂ ਦੇ ਸ਼ਾਗਿਰਦ ਉਹਨਾਂ ਦੀ ਯਾਦ ਵਿੱਚ ਕੋਈ ਯਾਦਗਾਰੀ ਕੰਮ ਨਹੀਂ ਕਰ ਸਕੇ। ਸਗੋਂ ਇੱਕ ਦੂਜੇ ਨਾਲ ਬੋਲਣ ਤੋਂ ਵੀ ਗਏ। ਇਹਨਾਂ ਸ਼ਾਗਿਰਦਾਂ ਦੇ ਇਕੱਠੇ ਹੋਣ ਦੀ ਕੋਈ ਸੂਰਤ ਨਜ਼ਰ ਨਹੀਂ ਆਉਂਦੀ।

ਬੇਸ਼ੱਕ ਸਾਡੇ ਕੁੱਝ ਗੁਰਭਾਈਆਂ ਨੇ ਗ਼ਜ਼ਲ ਸਕੂਲ ਵੀ ਖੋਲ੍ਹੇ। ਇਹ ਚੰਗੀ ਗੱਲ ਹੈ। ਇਹ ਗੁਰਭਾਈ ਵੀ ਆਪਣੇ-ਆਪਣੇ ਸ਼ਾਗਿਰਦਾਂ ਤੱਕ ਸੀਮਿਤ ਹੋ ਕੇ ਰਹਿ ਗਏ। ਜਿਸ ਏਕਤਾ ਅਤੇ ਨਿਰਪੱਖਤਾ ਨਾਲ ਗ਼ਜ਼ਲ ਦੀ ਚਰਚਾ ਹੋਣੀ ਚਾਹੀਦੀ ਸੀ , ਉਹ ਨਹੀਂ ਹੋ ਰਹੀ। ਆਮ ਵੇਖਣ ਵਿੱਚ ਆਇਆ ਹੈ ਕਿ ਸਾਡੇ ਗੁਰਭਾਈ ਵੀ ਆਪਣੇ ਸ਼ਗਿਰਦਾਂ ਨਾਲ ਲਿਹਾਜ਼ ਕਰ ਰਹੇ ਹਨ। ਉਸਤਾਦ ਸਾਹਿਬਾਨ! ਲਿਹਾਜ਼ ਸ਼ਬਦ ਨੂੰ ਆਪਣੇ- ਆਪਣੇ ਸ਼ਬਦ ਕੋਸ਼ ਵਿੱਚੋਂ ਮਿਟਾ ਦੇਣ। ਜੇ ਇੱਕ ਡਾਕਟਰ ਆਪਣੇ ਮਰੀਜ਼ ਨਾਲ ਲਿਹਾਜ਼ ਕਰੇਗਾ ਤਾਂ ਜ਼ਾਹਿਰ ਹੈ ਕਿ ਮਰੀਜ਼ ਕਦੀ ਵੀ ਨਹੀਂ ਠੀਕ ਹੋਵੇਗਾ। ਜੇ ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਤੋਂ ਗਿਆਨ ਛਪਾਏਗਾ ਤਾਂ ਜ਼ਾਹਿਰ ਹੈ ਕਿ ਉਹ ਬੱਚੇ ਨਲਾਇਕ ਹੀ ਹੋਣਗੇ। ਅਸੀਂ ਇੱਕ ਵਾਰ ਫਿਰ ਲਿਖਦੇ ਹਾਂ ਜੇ ਉਸਤਾਦ ਦੀਪਕ ਜੈਤੋਈ ਸਾਹਿਬ ਇਸਲਾਹ ਸਮੇਂ ਲਿਹਾਜ਼ ਕਰਦੇ ਤਾਂ ਉਹਨਾਂ ਦੇ ਸ਼ਾਗਿਰਦ ਅੱਜ ਉਸਤਾਦ ਜਾਂ ਪ੍ਰੋੜ ਸ਼ਾਇਰ ਨਾ ਹੁੰਦੇ।

ਉਪਰੋਕਤ ਸਾਡੀ ਚਰਚਾ ਦਾ ਮਤਲਬ ਹੈ ਕਿ ਪੰਜਾਬੀ ਗ਼ਜ਼ਲ ਅੱਜ ਮਰਦੀ ਹੋਈ ਨਜ਼ਰ ਆਉਂਦੀ ਹੈ। ਅੱਜ ਦੀਆਂ ਪੰਜਾਬੀ ਗ਼ਜ਼ਲਾਂ ਵਿੱਚ ਐਬ-ਦਰ ਐਬ ਪਾਏ ਜਾਂਦੇ ਹਨ। ਹਜ਼ਾਰਾਂ ਗ਼ਜ਼ਲਾਂ ਛਪ ਰਹੀਆਂ ਹਨ। ਕਾਫ਼ੀ ਸ਼ਾਇਰ ਪੜ੍ਹਦੇ ਵੀ ਹਨ ਪਰ ਸਾਡੇ ਉਸਤਾਦਾਂ ਅਤੇ ਪ੍ਰੋੜ ਸ਼ਾਇਰਾਂ ਨੂੰ ਤਰੇਲੀ ਤੱਕ ਨਹੀਂ ਆਉਂਦੀ। ਰਸਾਲਿਆਂ ਵਾਲੇ 100 ਰੁਪੈ ਬਦਲੇ ਜਾਂ ਜੀਵਨ ਮੈਂਬਰ ਬਦਲੇ ਬੇਹੂਦਾ ਕਾਲਮ ਛਾਪੀ ਜਾ ਰਹੇ ਹਨ। ਉੱਤੋਂ ਗ਼ਨੀਮਤ ਇਹ ਹੈ ਕਿ ਉਹ ਸੰਪਾਦਕ ਆਖਦੇ ਹਨ ਕਿ ਇਹ ਵਧੀਆ ਗ਼ਜ਼ਲ ਹੈ। ਅਖ਼ਬਾਰਾਂ ਦੀ ਗੱਲ ਛੱਡੋ।

ਇੱਕ ਨੁਕਤਾ ਹੋਰ ਵੀ ਸਾਹਮਣੇ ਆਉਂਦਾ ਹੈ ਕਿ ਅੱਜ ਵੀ ਉਰਦੂ ਗ਼ਜ਼ਲ ਦੀ ਸਰਦਾਰੀ ਹੈ। ਉਰਦੂ ਗ਼ਜ਼ਲ ਦੇ ਮੁਸ਼ਇਰੇ ਹੁੰਦੇ ਹਨ। ਉਰਦੂ ਗ਼ਜ਼ਲਾਂ ਗਾਈਆਂ ਜਾ ਰਹੀਆਂ ਹਨ। ਉਰਦੂ ਗ਼ਜ਼ਲ ਅਜੇ ਵੀ ਦਿਲਾਂ ਨੂੰ ਸਕੂਨ ਦਿੰਦੀ ਹੈ ਪਰ ਇਸ ਦੇ ਉਲਟ ਕਿੰਨੀਆਂ ਕੁ ਪੰਜਾਬੀ ਗ਼ਜ਼ਲਾਂ ਗਾਈਆਂ ਗਈਆਂ ਹਨ? ਕਿੰਨੀਆਂ ਕੁ ਪੰਜਾਬੀ ਗ਼ਜ਼ਲਾਂ ਉਰਦੂ ਵਿੱਚ ਅਨੁਵਾਦ ਹੋਈਆਂ? ਅਰਬੀ-ਫਾਰਸੀ ਦੀ ਗੱਲ ਛੱਡੋ। ਪੰਜਾਬੀ ਗ਼ਜ਼ਲ ਅਜੇ ਵੀ ਆਮ ਲੋਕਾਂ ਦੀ ਪਹੁੰਚ ਤੋਂ ਬੜੀ ਦੂਰ ਹੈ। ਸਗੋਂ ਏਦਾਂ ਕਹਿਣਾ ਚਾਹੀਦਾ ਹੈ ਕਿ ਪੰਜਾਬੀ ਗ਼ਜ਼ਲ ਤਾਂ ਲੇਖਕਾਂ ਦੀ ਪਹੁੰਚ ਤੋਂ ਵੀ ਦੂਰ ਹੈ। ਪੰਜਾਬੀ ਗ਼ਜ਼ਲ ਨੂੰ ਆਮ ਫਹਿਮ ਬਣਾਉਣ ਲਈ ਨਿਰਪੱਖਤਾਂ ਨਾਲ ਸਿਰ-ਤੋੜ ਯਤਨਾਂ ਦੀ ਲੋੜ ਹੈ।

ਪੰਜਾਬੀ ਗ਼ਜ਼ਲ ਦੇ ਵਿਕਾਸ ਵਿੱਚ ਵੱਡੀਆਂ-ਵੱਡੀਆਂ ਮੁਸ਼ਕਲਾਂ ਮੂੰਹ ਅੱਡੀ ਖੜ੍ਹੀਆਂ ਹਨ। ਸਭ ਤੋਂ ਵੱਡੀ ਮੁਸ਼ਕਲ ਤਿੰਨ ਅੱਖਰੀ ਟੁੱਕੜੀਆਂ ਅਤੇ "ਅੱਧਕ ਦੋਸ਼" ਦੀ ਹੈ। ਤਿੰਨ ਅੱਖਰੀ ਟੁੱਕੜੀਆਂ ਦੇ ਦੋਗਲੇ ਵਜ਼ਨ ਪੰਜਾਬੀ ਗ਼ਜ਼ਲਾਂ ਵਿੱਚ ਇੰਜ ਪਾਏ ਜਾਂਦੇ ਹਨ ਜਿਵੇਂ ਗੰਦੇ ਟਮਾਟਰਾਂ ਦਾ ਢੇਰ ਲੱਗੇ ਹੋਣ...। ਇਸ ਵਿੱਚ ਅੰਕ ਵਿੱਚ ਅਤੇ "ਦੀਪਕ" ਦੇ ਅਗਲੇ ਅੰਕ ਵਿੱਚ ਅਸੀਂ ਦੋਗਲੇ ਵਜ਼ਨਾਂ ਬਾਰੇ ਚਰਚਾ ਕਰਾਂਗੇ। ਪੰਜਾਬੀ ਗ਼ਜ਼ਲ ਦੇ ਉਸਤਾਦ ਵੀ ਦੋਗਲੇ ਵਜ਼ਨਾਂ ਦੇ ਸ਼ਿਕਾਰ ਹਨ । ਇਹ ਕਿਉਂ ਹੋ ਰਿਹਾ ਹੈ? ਸਾਫ਼ ਜ਼ਾਹਿਰ ਹੈ ਕਿ ਇੱਕ ਪਾਸੇ ਅਰਬੀ-ਫਾਰਸੀ ਦੇ ਅਰਜ਼ੂ ਨੂੰ ਪੰਜਾਬੀ ਵਿੱਚ ਸਥਾਪਿਤ ਕਰਵਾਉਣ ਸਈ ਸਾਡੇ ਸ਼ਾਇਰਾਂ ਨੇ ਯੁੱਧ ਕੀਤੇ ਪਰ ਹੁਣ ਅਰਜ਼ੂ ਦੇ ਅਨੁਸਾਰ ਤਿੰਨ ਅੱਖਰੀ ਟੁਕੜਿਆਂ ਨੂੰ ਪੰਜਾਬੀ ਉਚਾਰਣ ਅਨੁਸਾਰ ਬੰਨਣ ਲਈ ਕੀਤੇ ਜਾ ਰਹੇ ਪ੍ਰਚਾਰ ਕਰਕੇ ਹੈ। ਵੱਡੀ ਗਿਣਤੀ ਵਿੱਚ "ਖ਼ੁਦਾ" ਨੂੰ "ਯਾਦ" ਦੇ ਸਮਤੋਲ ਅਤੇ "ਯਾਦ" ਨੂੰ "ਖ਼ੁਦਾ" ਦੇ ਬਰਾਬਰ ਬੰਨਿਆ ਜਾ ਰਿਹਾ ਹੈ। ਯਾਨੀ ਸਾਡੇ ਉਸਤਾਦ ਅਤੇ ਪ੍ਰੋੜ ਸ਼ਾਇਰ ਹੀ ਟਪਲੇ ਖਾਂਦੇ ਫਿਰਦੇ ਹਨ। ਇੱਥੋਂ ਤੱਕ ਕਿ ਅਰਬੀ-ਫਾਰਸੀ ਦੇ ਸ਼ਬਦਾਂ ਨੂੰ ਪੰਜਾਬੀ ਉਚਾਰਣ ਦੇ ਅਨੁਸਾਰ ਬੰਨਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਨਵੇਂ ਸ਼ਾਇਰ ਤਾਂ ਵਿਚਾਰੇ ਗ਼ਜ਼ਲ ਵੱਲ ਇੰਜ ਵੇਖ ਰਹੇ ਹਨ ਜਿਵੇਂ ਵਿਚਾਰੀ "ਗੁੰਗੀ' ਬੇਰਾਂ ਵੱਲ ਵੇਖਦੀ ਹੈ।

ਅੱਜ-ਕੱਲ੍ਹ ਤਾਂ ਗ਼ਜ਼ਲਾਂ ਦੇ ਵਾਕ ਬਣਤਰ ਗ਼ਲਤ ਆ ਰਹੇ ਹਨ। ਰਵੀ ਅੱਖਰ ਹੀ ਬਦਲ ਦਿੱਤੇ ਜਾਂਦੇ ਹਨ। ਕਾਫੀਏ ਬਾਰੇ ਵੀ ਵਿਵਾਦ ਪਾਇਆ ਜਾਂਦਾ ਹੈ। ਹੋਰ ਐਬ ਵੀ ਆਮ ਪਾਏ ਜਾਂਦੇ ਹਨ। ਸਾਡੇ ਅੱਜ ਦੇ ਸ਼ਾਇਰ ਵਿਸ਼ੇ ਪੱਖ ਤੋਂ ਵੀ ਭਟਕ ਗਏ ਹਨ।

ਬੋਝਲ ਸ਼ਬਦ ਵਰਤੇ ਜਾ ਰਹੇ ਹਨ। ਮੁਹਾਵਰਿਆਂ ਅਤੇ ਅਖਾਣਾਂ ਦਾ ਵਿਗਾੜ ਹੋ ਰਿਹਾ ਹੈ। ਗੱਲ ਕੀ ਸਾਡੇ ਉਸਤਾਦ ਸ਼ਇਰਾਂ ਨੂੰ ਹੁਣ ਗ਼ਜ਼ਲ ਦੀ "ਦੂਜੀ ਪਾਰੀ" ਸ਼ੁਰੂ ਕਰਨੀ ਚਾਹੀਦੀ ਹੈ।"ਦੂਜੀ ਪਾਰੀ' ਸ਼ੁਰੂ ਕਰਨ ਲਈ ਅਸੀਂ ਖੇਡ ਦਾ ਮੈਦਾਨ ਤਿਆਰ ਕੀਤਾ ਹੈ। ਉਸ ਖੇਡ ਦੇ ਮੈਦਾਨ ਦਾ ਨਾਮ ਹੈ "ਗ਼ਜ਼ਲ ਉਸਤਾਦ ਮੰਚ।"

ਅਸੀਂ ਸਾਰੇ ਸ਼ਾਇਰ ਨੂੰ ਬੇਨਤੀ ਕਰਦੇ ਹਾਂ ਕਿ ਪੰਜਾਬੀ ਗ਼ਜ਼ਲ ਨੂੰ ਸੱਚ-ਮੁੱਚ ਗ਼ਜ਼ਲ ਬਣਾਉਣ ਲਈ ਜ਼ਰੂਰੀ ਹੈ ਕਿ ਉਸਤਾਦ ਅਤੇ ਪ੍ਰੋੜ ਸ਼ਾਇਰ ਇਕੱਠੇ ਹੋਣ। ਜਿਵੇਂ ਪੰਜਾਬੀ ਗ਼ਜ਼ਲ ਦੀ ਸਥਾਪਤੀ ਲਈ ਲੰਮੀ ਲੜਾਈ ਲੜੀ ਹੈ ਹੁਣ ਸਾਰੇ ਇਕੱਠੇ ਹੋ ਕੇ "ਸੋਧ-ਸੁਧਾਈ" ਦਾ ਕੰਮ ਵਿਆਪਕ ਪੱਧਰ 'ਤੇ ਕਰਨ। "ਗ਼ਜ਼ਲ ਉਸਤਾਦ ਮੰਚ" ਦੀਆਂ ਬੈਠਕਾਂ ਵਿੱਚ ਪਹਿਲਾਂ ਉਸਤਾਦ ਅਤੇ ਪ੍ਰੋੜ ਸ਼ਾਇਰ ਆਪਣੀਆਂ-ਆਪਣੀਆਂ ਗ਼ਜ਼ਲਾਂ 'ਤੇ ਵਿਚਾਰ ਚਰਚਾ ਕਰਨ। ਅਰਜ਼ੂ ਦੇ ਮੁਤਾਬਿਕ ਇੱਕ ਦੂਸਰੇ ਦੀ ਗੱਲ ਮੰਨ ਲਈ ਜਾਵੇ। ਆਪਣੇ-ਆਪਣੇ ਅੰਦਰੋਂ ਹਉਮੈਂ ਨੂੰ ਕੱਢ ਦਿੱਤਾ ਜਾਵੇ। ਪੰਜਾਬੀ ਗ਼ਜ਼ਲ ਸੱਚ-ਮੁੱਚ ਹੀ ਸ਼ੀਸ਼ਾ ਹੋਵੇ।

('ਦੀਪਕ' ਕਿਤਾਬ 'ਚੋਂ ਧੰਨਵਾਦ ਸਹਿਤ)

(ਬਾਕੀ ਅਗਲੇ ਐਤਵਾਰ)

ਆਜ਼ਾਦੀ ਸੰਗਰਾਮੀ ਅਜੀਤ ਸਿੰਘ ਬਾਰੇ ਦਸਤਾਵੇਜ਼ੀ ਨਾਵਲ/ ਕਿਸ਼ਤ-51

ਬਾਗ਼ੀ ਮਸੀਹਾ



ਅਜੀਤ ਰਾਹੀ



ਅਗਲੇ ਦਿਨ ਵੀ ਕੁੱਝ ਇਸ ਤਰ੍ਹਾਂ ਦਾ ਹੀ ਦੇਖਣ ਨੂੰ ਮਿਲਿਆ। ਨਵੇਂ ਰੰਗਰੂਟਾਂ ਦੇ ਗਰੁੱਪ ਫਰਾਂਸੀਸੀ ਕੌਮੀ ਗੀਤ ਗਾਉਂਦੇ ਜਾ ਰਹੇ ਸਨ। ਸਭ ਲੋਕ ਉਹਨਾਂ ਦਾ ਕੌਮੀ ਗੀਤ ਗਾਉਣ ਵਿੱਚ ਸਾਥ ਦੇ ਰਹੇ ਸਨ। ਲੋਕ ਬੜੇ ਹੌਸਲੇ ਅਤੇ ਉਤਸ਼ਾਹ ਵਿੱਚ ਸਨ। ਕੌਮੀ ਗੀਤ ਨੂੰ ਗਾਉਣ ਵਿੱਚ ਕੋਈ ਰੋਕ ਨਹੀਂ ਸੀ ਇਹ ਤਾਂ ਸਗੋਂ ਆਮ ਮੁਹਾਰਾ ਸੀ। ਲੋਕ ਇਕੱਠੇ ਹੋ ਰਹੇ ਸਨ, ਖ਼ਾਸ ਤੌਰ ਉੱਤੇ ਬੈਲਜੀਅਨ ਡੀਲਾ ਕੌਨਕਰਡ ਵਿੱਚ ਜੋ ਪੈਰਿਸ ਦੀ ਸਭ ਤੋਂ ਵੱਡੀ ਗਰਾਊਂਡ ਹੈ. ਜਿਸ ਦੇ ਇੱਕ ਪਾਸੇ ਸ਼ਾਇਨ ਨਦੀ ਹੈ ਅਤੇ ਦੂਸਰੇ ਪਾਸੇ ਸਰਕਾਰੀ ਇਮਾਰਤਾਂ। ਇਹਨਾਂ ਇਮਾਰਤਾਂ ਵਿੱਚ ਹੀ ਦੁਨੀਆ ਦੀਆਂ ਸਭ ਤੋਂ ਵਧੀਆਂ ਇਮਾਰਤਾਂ ਵਿੱਚੋਂ ਗਿਣੀ ਜਾਂਦੀ ਹੈ 'ਚੈਂਪਸ ਐਲਸੀਸ' ਵੀ ਇੱਕ ਹੈ। ਫਰਾਂਸ ਦੇ ਕਈ ਸੂਬੇ ਹਨ ਉਹਨਾਂ ਵਿੱਚੋਂ ਦੋ ਸੂਬੇ ਐਨਸੇਸ ਅਤੇ ਲੋਰੇਨ ਦੇ ਨਕਸ਼ੇ ਉਪਰਲੇ ਥਾਂਵਾਂ ਉੱਤੇ ਕਾਲਾ ਕੱਪੜਾ ਪਾਇਆ ਹੋਇਆ ਸੀ। ਕਿਉਂਕਿ 1870-71 ਦੀ ਜੰਗ ਵਿੱਚ ਇਹ ਸੂਬੇ ਜਰਮਨਾਂ ਨੇ ਫਰਾਂਸ ਤੋਂ ਖੋਹ ਲਏ ਸਨ। ਸਕੂਲਾਂ ਵਿੱਚ ਮੁੰਡਿਆਂ-ਕੁੜੀਆਂ ਨੂੰ ਇਹ ਪੜ੍ਹਾਇਆ ਜਾਂਦਾ ਸੀ ਕਿ ਫਰਾਂਸ ਓਨੀ ਦੇਰ ਖੁਸ਼ ਨਹੀਂ ਹੋ ਸਕਦਾ ਜਿਤਨੀ ਦੇਰ ਇਹ ਦੋਵੇਂ ਸੂਬੇ ਜਰਮਨ ਤੋਂ ਵਾਪਸ ਨਹੀਂ ਲੈ ਲੈਂਦਾ। ਹੁਣ ਇਹਨਾਂ ਨਕਸ਼ਿਆਂ ਨੇੜੇ ਸਭ ਤੋਂ ਵੱਧ ਭੀੜ ਦੇਖੀ ਜਾ ਸਕਦੀ ਸੀ। ਉਹਨਾਂ ਦਾ ਦੇਸ਼ ਦੀ ਏਕਤਾ ਲਈ ਪਿਆਰ ਅਤੇ ਖੋਹੇ ਜਾ ਚੁੱਕੇ, ਸੂਬਿਆਂ ਨੂੰ ਵਾਪਸ ਲੈਣ ਦੀ ਖ਼ਾਹਿਸ਼ ਲੋਕਾਂ ਦਾ ਚੇਹਰਿਆਂ ਤੋਂ ਦੇਖੀ ਜਾ ਸਕਦੀ ਸੀ।

(ਲ, ਹੋਮੇ ਲਿਬਰੇ) ਫਰੀਮੈਨ ਨਾਂ ਦਾ ਸਭ ਤੋਂ ਵੱਡਾ ਅਖ਼ਬਾਰ ਕਲੀਮੈਸੰਕ ਦੁਆਰਾ ਛਾਪਿਆ ਜਾਂਦਾ ਸੀ। ਉਹ ਸਰਕਾਰ ਦੀ ਆਲੋਚਨਾ ਕਰਨ ਵਿੱਚ ਮਸ਼ਹੂਰ ਸੀ। ਇਸ ਰਾਹੀਂ ਲੋਕਾਂ ਨੂੰ ਦੱਸਿਆ ਜਾ ਰਿਹਾ ਸੀ ਕਿ ਫਰਾਂਸ ਦੀ ਸਰਕਾਰ ਨੇ ਜੰਗ ਦੀ ਤਿਆਰੀ ਨੂੰ ਅੱਖੋਂ ਪਰੋਖੇ ਕਰਕੇ ਇੱਕ ਜੁਰਮ ਕੀਤਾ ਹੈ। ਜਿਹੜੇ ਲੋਕ ਫਰਾਂਸ ਦੀ ਹਕੂਮਤ ਵਿੱਚ ਹਨ, ਉਹ ਧੋਖੇਬਾਜ਼, ਬੇਈਮਾਨ, ਗੁਲਾਮ ਅਤੇ ਦੇਸ਼ ਭਗਤੀ ਦੀ ਘਾਟ ਵਾਲੇ ਹਨ। ਪਰ ਦੂਸਰੀਆਂ ਅਖ਼ਬਾਰਾਂ ਸਰਕਾਕ ਦੀ ਇਤਨੀ ਆਲੋਚਨਾ ਨਹੀਂ ਸੀ ਕਰ ਰਹੀਆਂ। ਉਹ ਲੋਕਾਂ ਨੂੰ ਜੰਗ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰ ਰਹੀਆਂ ਸਨ। ਲੋਕਾਂ ਨੂੰ ਫਰਾਂਸ ਦੀ ਫੌਜ ਭਰਤੀ ਹੋਣ ਲਈ ਕਹਿ ਰਹੀਆਂ ਸਨ। ਉਹਨਾਂ ਦੀਆਂ ਲਿਖਤਾਂ ਦਾ ਵੱਡਾ ਐਨਸੇਸ ਅਤੇ ਲੋਰੇਨ ਦੇ ਸੂਬਿਆਂ ਨੂੰ ਵਾਪਿਸ ਲੈਣਾ ਸੀ। ਬੈਲਜੀਅਮ ਉੱਤੇ ਜਰਮਨ ਦੇ ਹਮਲੇ ਦੀ ਕਿਸੇ ਵੇਲੇ ਵੀ ਉਮੀਦ ਕੀਤੀ ਜਾ ਰਹੀ ਸੀ। ਕਿਉਂਕਿ ਜਰਮਨ ਨੇ ਬੈਲਜੀਅਮ ਨੂੰ ਅਲਟੀਮੈਟਮ ਦਿੱਤਾ ਹੋਇਆ ਸੀ ਕਿ ਉਹ ਉਸ ਨੂੰ ਫਰਾਂਸ ਵਿੱਚ ਦਾਖ਼ਲ ਹੋਣ ਲਈ

ਬਾਕੀ ਸਫ਼ਾ III 'ਤੇ

ਪੁਨਰ ਜਨਮ ਦੀਆਂ ਘਟਨਾਵਾਂ ਫਰਜ਼ੀ

ਮੇਘ ਰਾਜ ਮਿੱਤਰ

ਅੱਜ-ਕੱਲ੍ਹ ਟੈਲੀਵਿਜ਼ਨ ਚੈਨਲਾਂ ਅਤੇ ਕੁੱਝ ਅਖ਼ਬਾਰਾਂ ਵਿੱਚ ਪੁਨਰ ਜਨਮ ਦੀਆਂ ਘਟਨਾਵਾਂ ਤੇ ਖ਼ਬਰਾਂ ਚਰਚਾ ਵਿੱਚ ਰਹਿੰਦੀਆਂ ਹਨ, ਜਿਹੜੀਆਂ ਸਧਾਰਨ ਲੋਕਾਂ ਨੂੰ ਭੰਬਲ-ਭੂਸਿਆਂ ਵਿੱਚ ਪਾ ਰਹੀਆਂ ਹਨ।

ਪੁਨਰ ਜਨਮ ਬਾਰੇ ਸਮਝਣ ਤੋਂ ਪਹਿਲਾਂ ਸਾਨੂੰ ਸਾਡੇ ਦਿਮਾਗਾਂ ਵਿੱਚ ਉਪਜਦੇ ਖਿਆਲਾਂ ਬਾਰੇ ਸਮਝਣਾ ਚਾਹੀਦਾ ਹੈ। ਸਾਡਾ ਦਿਮਾਗ ਸਰੀਰ ਦੀ ਅਜਿਹੀ ਪ੍ਰਣਾਲੀ ਹੈ ਜਿਹੜੀ ਹਮੇਸ਼ਾ ਕੰਮ ਕਰਦੀ ਰਹਿੰਦੀ ਹੈ। ਜਿਵੇਂ ਸਾਹ-ਕਿਰਿਆ ਅਤੇ ਲਹੂ-ਗੇੜ ਪ੍ਰਣਾਲੀ ਹਮੇਸ਼ਾ ਕਾਰਜਸ਼ੀਲ ਰਹਿੰਦੀਆਂ ਹਨ। ਇਸ ਤਰ੍ਹਾਂ ਹੀ ਸਾਡੇ ਦਿਮਾਗ ਵਿੱਚ ਖ਼ਿਆਲ ਆਉਂਦੇ ਰਹਿੰਦੇ ਹਨ। ਦਿਮਾਗ ਵਿੱਚ ਆਏ ਖ਼ਿਆਲ 99 ਫ਼ੀਸਦੀ ਕਲਪਿਤ ਹੀ ਹੁੰਦੇ ਹਨ। ਜਿਹੜੇ ਝੂਠੇ ਨਿਕਲ ਜਾਂਦੇ ਹਨ, ਉਨ੍ਹਾਂ ਦਾ ਜ਼ਿਕਰ ਅਸੀਂ ਕਿਸੇ ਕੋਲ ਨਹੀਂ ਕਰਦੇ, ਜੋ ਇੱਕ-ਅੱਧਾ ਸੱਚਾ ਨਿਕਲ ਜਾਂਦਾ ਹੈ। ਉਸ ਦਾ ਢੰਡੋਰਾ ਪਿੱਟ ਦਿੰਦੇ ਹਾਂ। ਇਹ ਵੀ ਇੱਕ ਕਾਰਨ ਹੈ, ਜਿਸ ਕਰਕੇ ਬਹੁਤ ਸਾਰੀਆਂ ਅਜਿਹੀਆਂ ਗੈਰ-ਵਿਗਿਆਨਕ ਪੁਨਰ ਜਨਮ ਦੀਆਂ ਗੱਲਾਂ ਲੋਕਾਂ ਵਿੱਚ ਪ੍ਰਚਲਿਤ ਹੁੰਦੀਆਂ ਕੀਤੀਆਂ ਜਾਂਦੀਆਂ ਰਹਿੰਦੀਆਂ ਹਨ।

ਬਹੁਤ ਸਾਰੇ ਨਸ਼ਈ ਵਿਅਕਤੀ ਜਦੋਂ ਭੰਗ ਜਾਂ ਸੁੱਖਾ ਖਾ ਲੈਂਦੇ ਹਨ ਤਾਂ ਉਨ੍ਹਾਂ ਨੂੰ ਕਈ ਵਾਰ ਆਪਣਾ ਸਰੀਰ ਹਵਾ ਵਿੱਚ ਉੱਡਦਾ ਨਜ਼ਰ ਆਉਂਦਾ ਹੈ, ਪਰ ਇਹ ਹਕੀਕਤ ਤਾਂ ਨਹੀਂ ਹੁੰਦੀ। ਇਸੇ ਤਰ੍ਹਾਂ ਦਿਮਾਗ ਵਿੱਚ ਕਿਸੇ ਵਿਅਕਤੀ ਨੂੰ ਆਇਆ ਪੁਨਰ ਜਨਮ ਦਾ ਖ਼ਿਆਲ ਵੀ ਹਕੀਕ ਨਹੀਂ ਹੋ ਸਕਦਾ। ਮਾਨਸਿਕ ਰੋਗਾਂ ਕਾਰਨ ਵੀ ਪੁੱਠੇ ਸਿੱਧੇ ਖਿਆਲ ਦਿਮਾਗ ਵਿੱਚ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਦਾ ਵੀ ਜ਼ਿੰਦਗੀ ਦੀਆਂ ਸੱਚਾਈਆਂ ਨਾਲ ਕੋਈ ਸੰਬੰਧ ਨਹੀਂ ਹੁੰਦਾ। 1984 ਵਿੱਚ ਬਰਨਾਲਾ ਤੋਂ ਅਸੀਂ ਤਰਕਸ਼ੀਲ ਸੁਸਾਇਟੀ ਲਈ ਕੰਮ ਕਰਨਾ ਸ਼ੁਰੂ ਕੀਤਾ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਸੀਂ 41 ਕੇਸ ਪੁਨਰ ਜਨਮ ਦੇ ਹੱਲ ਕਰ ਚੁੱਕੇ ਹਾਂ। ਹਰ ਕੇਸ ਵਿੱਚ ਪੁਨਰ ਜਨਮ ਦਾ ਦਾਅਵਾ ਕਰਨ ਵਾਲਿਆਂ ਦੀ ਘੋਖਵੀਂ ਜਾਂਚ ਪੜਤਾਲ ਕੀਤੀ ਗਈ ਹੈ। ਹਰ ਕੇਸ ਵਿੱਚ 50 ਤੋਂ ਲੈ ਕੇ 100 ਤੱਕ ਸਵਾਲ ਪੁੱਛੇ ਗਏ ਹਨ। ਇਨ੍ਹਾਂ ਵਿੱਚੋਂ ਦੋ ਜਾਂ ਤਿੰਨ ਫ਼ੀਸਦੀ ਸਵਾਲ ਹੀ ਠੀਕ ਹੁੰਦੇ ਹਨ। ਬਾਕੀ ਗ਼ਲਤ ਨਿਕਲ ਜਾਂਦੇ ਹਨ। ਲੱਗਭੱਗ ਹਰ ਕੇਸ ਦੇ ਪਿੱਛੇ ਅਸੀਂ ਕਾਰਨਾਂ ਨੂੰ ਵੀ ਫਰੋਲਿਆ ਹੈ। ਇਨ੍ਹਾਂ ਵਿੱਚੋਂ ਬਹੁਤਿਆਂ ਪਿੱਛੇ ਕਿਸੇ ਨਾ ਕਿਸੇ ਦਾ ਨਿੱਜੀ ਸੁਆਰਥ ਛੁਪਿਆ ਹੋਇਆ ਸੀ। ਇੱਥੇ ਮੈਂ ਦੋ

ਬਾਕੀ ਸਫ਼ਾ III 'ਤੇ

ਕਹਾਣੀ
ਸੰਘਰਸ਼ ਦਾ ਅੰਤ

ਵਰਿੰਦਰ ਆਜ਼ਾਦ

ਅੱਜ ਕੰਮ 'ਤੇ ਆਉਂਦੇ ਹੀ ਫੋਰਮੈਨ ਨੇ ਜਤਿੰਦਰ ਨੂੰ ਕਿਹਾ,"ਦੇਖ ਜਤਿੰਦਰ ਅਗਲੇ ਮਹੀਨੇ ਕਿਸੇ ਹੋਰ ਥਾਂ ਕੰਮ ਵੇਖ ਲਈਂ, ਮਾਲਕ ਕਹਿੰਦੇ ਨੇ ਕੰਮ ਕੁੱਝ ਘੱਟ ਗਿਆ ਹੈ...।

'ਚੰਗਾ ਫੋਰਮੈਨ ਸਾਹਿਬ...।' ਇਹ ਲਫ਼ਜ਼ ਕਹਿੰਦਾ ਹੋਇਆ ਜਤਿੰਦਰ ਚੁੱਪ ਜਿਹਾ ਹੋ ਗਿਆ। ਉਸ ਦਾ ਦਿਲ ਟੁੱਟ ਗਿਆ। ਵੈਸੇ ਵੀ ਇਸ ਵਿੱਚ ਫੋਰਮੈਨ ਦਾ ਕੋਈ ਕਸੂਰ ਨਹੀਂ ਸੀ ਅਤੇ ਨਾ ਹੀ ਫੈਕਟਰੀ ਮਾਲਕ ਦਾ। ਇਸ ਦਾ ਜ਼ਿੰਮੇਵਾਰ ਖ਼ੁਦ ਜਤਿੰਦਰ ਸੀ। ਭਲਾ ਉਸ ਨੂੰ ਆਪਣੇ ਸ਼ਹਿਰ 'ਚ ਕੋਈ ਕੰਮ ਨਹੀਂ ਮਿਲ ਸਕਦਾ ਸੀ। ਨਾਲੇ ਫਿਰ ਬੰਦੇ ਦੀ ਆਪਣੇ ਸ਼ਹਿਰ ਵਿੱਚ ਜਾਣ-ਪਹਿਚਾਣ ਹੁੰਦੀ ਹੈ। ਬੇਗਾਨਾ ਸ਼ਹਿਰ ਤਾਂ ਬੇਗਾਨਾ ਹੀ ਹੁੰਦਾ ਹੈ। ਜਤਿੰਦਰ ਦੀ ਘਰਵਾਲੀ ਨੂੰ ਜਤਿੰਦਰ ਦੇ ਸਹੁਰੇ ਧੋਖੇ ਨਾਲ ਲੈ ਗਏ ਸਨ ਅਤੇ ਜਾ ਕੇ ਉਹਨਾਂ ਨੇ ਅਣੋਖੀ ਜਿਹੀ ਸ਼ਰਤ ਰੱਖ ਦਿੱਤੀ। ਕੁੜੀ ਮੁੰਡੇ ਦੇ ਘਰ ਨਹੀਂ ਜਾਵੇਗੀ, ਘਰ ਹੀ ਨਹੀਂ ਮੁੰਡੇ ਦੇ ਸ਼ਹਿਰ ਤੱਕ ਨਹੀਂ ਜਾਵੇਗੀ। ਕੁੜੀ ਨਾ ਹੋਵੇ ਸੁੰਢ ਦੀ ਗੰਢੀ ਹੋਵੇ। ਕੁੜੀ ਅਤੇ ਕੁੜੀ ਦੀ ਮਾਂ ਬਹੁਤ ਚਾਲਾਕ ਸੀ ਅਤੇ ਕੁੜੀ ਦੇ ਪਿਉ ਝੁੱਡੂ ਲਾੜਾ ਜਨਾਨੀ ਦਾ ਗੁਲਾਮ, ਖ਼ੁਦ ਤਾਂ ਕੋਈ ਫੈਂਸਲਾ ਕਰ ਨਹੀਂ ਸਕਦਾ ਸੀ। ਮਾਵਾਂ ਧੀਆਂ ਹੀ ਘਰ 'ਚ ਪ੍ਰਧਾਨ ਸਨ। ਜਤਿੰਦਰ ਦੀ ਵਹੁਟੀ ਦੇ ਪੇਕੇ ਘਰ ਦੇ ਰਿਸ਼ਤੇਦਾਰ ਬਹੁਤ ਚਲਾਕ ਸਨ। ਬਾਹਰੋਂ-ਬਾਹਰੋਂ ਉਹਨਾਂ ਦੀ ਮੱਦਦ ਅਤੇ ਹਮਦਰਦੀ ਦਾ ਦਮ ਭਰਦੇ ਸਨ ਅਤੇ ਅੰਦਰੋਂ ਤਸੱਲੀ ਨਾਲ ਜੜ੍ਹਾਂ ਵੱਢ ਰਹੇ ਸਨ। ਉਹਨਾਂ ਦੀ ਕੋਸ਼ਿਸ਼ ਤਾਂ ਇਹੋ ਸੀ ਕਿ ਇਹ ਘਰ ਪੂਰੀ ਤਰ੍ਹਾਂ ਉੱਜੜ ਜਾਵੇ ਤਾਂ ਹੀ ਤਾਂ ਉਹਨਾਂ ਨੇ ਜਤਿੰਦਰ ਅਤੇ ਉਸ ਦੇ ਪਰਿਵਾਰ ਅੱਗੇ ਨਾ ਪੂਰੀਆਂ ਹੋਣ ਵਾਲੀਆਂ ਊਟ-ਪਟੰਗ ਸ਼ਰਤਾਂ ਰੱਖ ਦਿੱਤੀਆਂ।

ਜਤਿੰਦਰ ਨੇ ਦੂਸਰੇ ਸ਼ਹਿਰ ਫੈਕਟਰੀ ਵਿੱਚ ਕੰਮ ਵੀ ਦੇਖ ਲਿਆ ਅਤੇ ਪਤਨੀ ਨੂੰ ਲਿਆਉਣ ਤੋਂ ਪਹਿਲਾਂ ਉਹ ਕੰਮ 'ਤੇ ਲੱਗ ਗਿਆ ਸੀ। ਜਤਿੰਦਰ ਕਈ-ਕਈ ਦਿਨ ਫੈਕਟਰੀ ਵਿੱਚ ਆਉਂਦਾ ਨਹੀਂ। ਇਹੋ ਜਿਹੇ ਵਰਕਰ ਤੋਂ ਕਿਸੇ ਨੇ ਕੀ ਲੈਣਾ। ਫੈਕਟਰੀਆਂ ਵਿੱਚ ਇਹੋ ਜਿਹੇ ਵਰਕਰ ਹੋਣ ਤਾਂ ਫੈਕਟਰੀਆਂ ਦਾ ਕੰਮ ਚੱਲਣਾ ਮੁਸ਼ਕਲ ਹੋ ਜਾਵੇ। ਜਤਿੰਦਰ ਨੂੰ ਕੰਮ ਤੋਂ ਜਵਾਬ ਹੋ ਗਿਆ। ਇਹ ਗੱਲ ਜਤਿੰਦਰ ਨੇ ਕਿਸੇ ਨੂੰ ਨਾ ਦੱਸੀ। ਇੱਕ ਤਾਂ ਜਤਿੰਦਰ ਨੂੰ ਕੰਮ ਦੀ ਨੱਠ-ਭੱਜ ਸੀ, ਫਿਰ ਦੂਜਾ ਪਤਨੀ ਨੂੰ ਲਿਆਉਣ ਦਾ ਫ਼ਿਕਰ। ਕਈ ਤਰ੍ਹਾਂ ਦੇ ਬੋਝ ਜਤਿੰਦਰ ਦੇ ਦਿਮਾਗ ਉੱਪਰ ਸਨ। ਇਸੇ ਸ਼ਹਿਰ ਵਿੱਚ ਜਤਿੰਦਰ ਆਪਣੇ ਕਿਸੇ ਰਿਸ਼ਤੇਦਾਰ ਕੋਲ ਰਹਿਣ ਲੱਗ ਪਿਆ। ਜਤਿੰਦਰ ਦੇ ਮਾਂ-ਪਿਉ ਨੇ ਟਰੱਕ 'ਤੇ ਲੱਦ ਕੇ ਸਾਮਾਨ ਭੇਜ ਦਿੱਤਾ। ਟਰੱਕ ਦੇ ਕਿਰਾਏ ਦੇ ਨਾਲ ਦੋ ਮਹੀਨਿਆਂ ਦਾ ਕਿਰਾਇਆ ਵੀ, ਮਹੀਨੇ ਭਰ ਦਾ ਰਾਸ਼ਨ ਅਤੇ ਜੇਬ ਖ਼ਰਚਾ ਵੀ ਦਿੱਤਾ। ਤੇ ਕੁੜੀ ਵਾਲਿਆਂ ਨੂੰ ਦੱਸ ਦਿੱਤਾ ਕਿ ਮੁੰਡਾ ਦੂਸਰੇ ਸ਼ਹਿਰ ਵਿੱਚ ਕੰਮ ਕਰਦਾ ਹੈ ਅਤੇ ਕਮਰਾ ਵੀ ਕਿਰਾਏ 'ਤੇ ਲਿਆ ਹੈ। ਜਤਿੰਦਰ ਦੇ ਮਾਂ-ਪਿਉ ਨੇ ਜਤਿੰਦਰ ਨੂੰ ਹੌਂਸਲਾ ਦਿੰਦੇ ਹੋਏ ਕਿਹਾ,"ਬੇਟਾ ਪੈਸੇ ਦੀ ਜ਼ਰੂਰਤ ਹੋਵੇ ਤਾਂ ਦੱਸਣਾ, ਕੋਈ ਹੋਰ ਵੀ ਜ਼ਰੂਰਤ ਹੋਵੇ ਤਾਂ ਦੱਸਣਾ , ਅਸੀਂ ਤਾਂ ਹਮੇਸ਼ਾਂ ਤੇਰੇ ਨਾਲ ਹਾਂ। ਇੱਕ ਹੀ ਮਜ਼ਬੂਰੀ ਹੈ, ਤੇਰੀ ਜਨਾਨੀ ਤੇ ਤੇਰੇ ਸਹੁਰਿਆਂ ਦੀ ਜ਼ਿੱਦ ..।"

ਜਤਿੰਦਰ ਨੇ ਬੱਸ ਇੰਨਾਂ ਹੀ ਕਿਹਾ,"ਚੰਗਾ ਜੀ..।"

ਜਤਿੰਦਰ ਦੀ ਘਰਵਾਲੀ ਹਵਾ ਵਿੱਚ ਉੱਡੀ ਫਿਰ ਰਹੀ ਸੀ। ਉਹ ਤਾਂ ਫੁੱਲੀ ਨਾ ਸਮਾ ਰਹੀ ਸੀ, ਕਿਉਂਕਿ ਉਸ ਦੀਆਂ ਸ਼ਰਤਾਂ ਜੁ ਪੂਰੀਆਂ ਹੋ ਗਈਆਂ ਸਨ। ਹੁਣ ਤਾਂ ਉਹ ਆਪਣੇ ਘਰ ਦੀ ਇਕੱਲੀ ਮਾਲਕਣ ਬਣ ਗਈ। ਜਤਿੰਦਰ ਵਿੱਚੋਂ ਡਰਿਆ-ਡਰਿਆ ਰਹਿਣ ਲੱਗ ਪਿਆ। ਉਸ ਦਾ ਕੰਮ ਛੁੱਟ ਗਿਆ, ਉਸ ਦੇ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ? ਨੱਠ ਭੱਜ ਤਾਂ ਉਹ ਕਰ ਹੀ ਰਿਹਾ ਸੀ ਕੰਮ-ਕਾਰ ਬਾਰੇ। ਫੈਕਟਰੀ ਦੇ ਮਾਲਕ ਨੇ ਪਿਛਲਾ ਹਿਸਾਬ ਕਰਕੇ ਨਿਕਲਦੇ ਪੈਸੇ ਦੇ ਦਿੱਤੇ। ਚਾਹੇ ਇਸ ਸਮੇਂ ਜਤਿੰਦਰ ਦਾ ਹੱਥ ਸੌਖਾ ਸੀ ਪੈਸੇ ਦੇ ਮਾਮਲੇ ਵਿੱਚ। ਪਰ ਅਗਲੇ ਸਮੇਂ ਦਾ ਫ਼ਿਕਰ ਵੀ ਇਸ ਨੂੰ ਸਤਾ ਰਿਹਾ ਸੀ। ਜਦ ਜਤਿੰਦਰ ਫੈਕਟਰੀ ਵਿੱਚ ਕੰਮ ਕਰਦਾ ਸੀ, ਉਸ ਸਮੇਂ ਉਸ ਨਾਲ ਇੱਕ ਕਾਰੀਗਰ ਵੀ ਕੰਮ ਕਰਦਾ ਸੀ। ਉਸ ਨੇ ਜਤਿੰਦਰ ਨੂੰ ਕਿਹਾ ਕਿ ਉਹ ਤੈਨੂੰ ਦੂਸਰੀ ਫੈਕਟਰੀ ਵਿੱਚ ਕੰਮ ਲਗਵਾ ਦੇਵੇਗਾ ਅਤੇ ਅਗਲੇ ਹਫ਼ਤੇ ਰੇਲਵੇ ਸ਼ਟੇਸ਼ਨ ਦੇ ਕੋਲ ਆਉਣ ਲਈ ਕਿਹਾ, ਜਿੱਥੇ ਗੱਡੀ ਰੁੱਕਦੀ ਹੈ। ਜਤਿੰਦਰ ਠੀਕ ਸਮੇਂ 'ਤੇ ਉੱਥੇ ਪੁੱਜ ਗਿਆ, ਪਰ ਉਹ ਬੰਦਾ ਨਾ ਆਇਆ। ਉਹ ਝੂਠਾ ਨਿਕਲਿਆ। ਜਤਿੰਦਰ ਹੱਥ ਨਿਰਾਸ਼ਾ ਲੱਗੀ। ਕਈ ਦਿਨ੍ਹਾਂ ਤੱਕ ਤਾਂ ਜ਼ਨਾਨੀ ਦਾ ਚਾਅ ਮੱਠਾ ਨਾ ਹੋਇਆ ਕਿਉਂਕਿ ਹੁਣ ਉਹ ਇਕੱਲੀ ਘਰ ਦੀ ਮਾਲਕਣ ਹੈ। ਉਸ ਦੇ ਤਾਂ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ ਖ਼ੁਸ਼ੀ ਨਾਲ। ਜਤਿੰਦਰ ਦੀ ਚਿੰਤਾ ਦਿਨੋ-ਦਿਨ ਵੱਧ ਰਹੀ ਸੀ। ਬਹੁਤ ਹੱਥ ਪੈਰ ਮਾਰਨ ਤੋਂ ਬਾਅਦ ਵੀ ਹੱਥ-ਪੱਲੇ ਕੁੱਝ ਨਾ ਪਿਆ। ਕੁੱਝ ਕੁ ਸਮਾਂ ਜਤਿੰਦਰ ਨੇ ਬਾਹਰ ਕੰਮ ਕੀਤਾ। ਅੰਤ ਇੱਕ ਦਿਨ ਜਤਿੰਦਰ ਨੇ ਆਪਣੀ ਜ਼ਨਾਨੀ ਨੂੰ ਸਭ ਕੁੱਝ ਸੱਚੋ-ਸੱਚ ਦੱਸ ਦਿੱਤਾ।

"ਦੇਖ ਆਸ਼ਾ! ਮੈਂ ਫੈਕਟਰੀ ਵਿੱਚ ਕੰਮ ਛੱਡ ਦਿੱਤਾ ਹੈ।"

ਪਰ ਕਿਉਂ..? ਜਨਾਨੀ ਨੇ ਪ੍ਰੇਸ਼ਾਨ ਹੁੰਦਿਆਂ ਸਵਾਲ ਕੀਤਾ।

ਜਤਿੰਦਰ ਅਸਲੀ ਗੱਲ ਛੁਪਾਉਂਦਾ ਹੋਇਆ ਕਹਿਣ ਲੱਗਾ,"ਉੱਥੋਂ ਦੇ ਬੰਦੇ ਤੰਗ ਕਰਦੇ ਸੀ, ਕੰਮ ਵਿੱਚ ਹਮੇਸ਼ਾਂ ਨੁਕਸ ਕੱਢਦੇ ਸੀ। ਇੱਕ ਦੋ ਵਾਰ ਕਾਰੀਗਰਾਂ ਨੂੰ ਸ਼ਰਾਬ ਵੀ ਪਿਆਈ, ਪੈਸੇ ਵੀ ਦਿੱਤੇ। ਨਾਲੇ ਉਹ ਪੁਰਾਣਿਆਂ ਬੰਦਿਆਂ ਦੀ ਸੁਣਦਾ ਹੈ, ਨਵਿਆਂ ਦੀ ਘੱਟ ਹੀ..।"

ਝੂਠ ਹੀ ਜਤਿੰਦਰ ਨੇ ਜਨਾਨੀ ਨੂੰ ਕਹਾਣੀ ਬਣਾ ਕੇ ਦੱਸ ਦਿੱਤੀ।

ਜਨਾਨੀ ਦੀ ਇਸ ਬਾਰੇ ਕੋਈ ਖ਼ਾਸ ਪ੍ਰਤੀਕਿਰਿਆ ਨਾ ਹੋਈ, ਕਿਉਂਕਿ ਉਸ ਨੇ ਸੋਚਿਆ ਬੇਗ਼ਾਨੇ ਸ਼ਹਿਰ ਵਿੱਚ ਹੈ ਆਪੇ ਹੌਲੀ-ਹੌਲੀ ਕੰਮ ਦੀ ਸੈਟਿੰਗ ਹੋ ਜਾਵੇਗੀ।

ਜਿਹੜਾ ਮਕਾਨ ਜਤਿੰਦਰ ਨੇ ਕਿਰਾਏ 'ਤੇ ਲਿਆ ਸੀ ਉਸ ਦੇ ਮਾਲਕ ਜਨਾਨੀ ਅਤੇ ਆਦਮੀ ਦੋਵੇਂ ਹੀ ਕਾਫ਼ੀ ਮਿਲਣ-ਸਾਰ ਬੰਦੇ ਸਨ। ਉਹਨਾਂ ਦੇ ਬੱਚੇ ਜਤਿੰਦਰ ਅਤੇ ਉਸ ਦੀ ਪਤਨੀ ਨੂੰ ਬਹੁਤ ਪਿਆਰ ਕਰਦੇ ਸਨ। ਦੂਰੋਂ ਜਤਿੰਦਰ ਦੇ ਭੂਆ ਫੁੱਫੜ ਲੱਗਦੇ ਸਨ। ਬਹੁਤ ਹੀ ਚੰਗੇ ਬੰਦੇ ਸਨ ਉਹ। ਜਤਿੰਦਰ ਦੀ ਹਰ ਤਰ੍ਹਾਂ ਨਾਲ ਮੱਦਦ ਕਰਦੇ ਸਨ। ਜਤਿੰਦਰ ਨੇ ਉਹਨਾਂ ਨੂੰ ਆਪਣੇ ਕੰਮ-ਕਾਰ ਬਾਰੇ ਦੱਸਿਆ ਹੋਇਆ ਸੀ। ਫੁੱਫੜ ਨੇ ਪਿਆਰ ਨਾਲ ਜਤਿੰਦਰ ਨੂੰ ਕਿਹਾ,"ਦੇਖ ਜਤਿੰਦਰ ਇੱਥੇ ਕਿਰਾਇਆ ਕੁੱਝ ਜ਼ਿਆਦਾ ਹੈ, ਤੇਰੇ ਲਈ ਵੈਸੇ ਤਾਂ ਕਿਰਾਇਆ ਠੀਕ ਹੈ ਪਰ ਤੇਰੀ

ਬਾਕੀ ਸਫ਼ਾ III 'ਤੇ